SOUTHLAND

# ਸਕੂਲ ਬੱਸ ਬਾਰੇ ਨਿਯਮ

1. ਡਰਾਈਵਰ, ਸਕੂਲ ਬੱਸ ਦਾ ਪੂਰਾ ਇਨਚਾਰਜ ਹੈ। ਉਸਦਾ ਹੁਕਮ ਮੰਨਣਾ ਪਵੇਗਾ।
2. ਵਿਦਿਆਰਥੀਆਂ ਦੇ ਭੈੜੇ ਵਤੀਰੇ ਬਾਰੇ,ਡਰਾਈਵਰ ਸਬੰਧਤ ਪ੍ਰਿੰਸੀਪਲ ਨੂੰ ਰੀਪੋਰਟ ਕਰੇਗਾ।
3. ਡਰਾਈਵਰ ਕਿਸੇ ਵੇਲੇ ਵੀ ਵਿਦਿਆਰਥੀਆਂ ਦੀ ਸੀਟ ਨਿਸ਼ਚਿਤ ਕਰ ਸਕਦਾ ਹੈ।
4. ਜਦੋਂ ਬੱਸ ਤੁਰ ਪਵੇ,ਤਾਂ ਵਿਦਿਆਰਥੀ,ਬਾਂਹ ਤੇ ਸਿਰ ਖਿੜਕੀ ਤੋਂ ਬਾਹਰ ਨਾ ਕੱਢਣ, ਬੱਸ ਤੋਂ ਨਾ ਹੀ ਉਤਰਣ ਤੇ ਨਾ ਹੀ ਚੜ੍ਹਨ ਅਤੇ ਬੱਸ ਦੇ ਅੰਦਰ ਨਾ ਘੁੰਮਣ।
5. ਵਿਦਿਆਰਥੀ ਬੱਸ ਦੇ ਫਰਸ਼, ਅਤੇ ਖਿੜਕੀ ਤੋਂ ਬਾਹਰ ਕਾਗਜ਼ ਬਿਲਕੁਲ ਨਾ ਸੁੱਟਣ।
6. ਬੱਸ ਦੇ ਅੰਦਰ ਵਿਦਿਆਰਥੀ ਚੁਪ-ਚਾਪ ਤੇ ਸਾਊਪੁਣਾ ਦਿਖਾਉਣ ਅਤੇ ਸਾਥੀਆਂ ਦੇ ਆਰਾਮ ਤੇ ਬਚਾ ਦਾ ਧਿਆਨ ਰੱਖਣ।
7. ਹੱਥੋ-ਪਾਈ,ਲੜਾਈ, ਸਿਗਰਟ ਤੇ ਗੰਦੀ ਭਾਸ਼ਾ ਦੀ ਬੱਸ ਵਿੱਚ ਸਖਤ ਮਨਾਹੀ ਹੈ।
8. ਵਿਦਿਆਰਥੀ ਛੋਟੇ ਰੇਡੀਓ ਦੀ ਵਰਤੋਂ ਤੇ ਫਜ਼ੂਲ ਗੱਲ ਬਾਤ ਕਰਕੇ ਡਰਾਈਵਰ ਦੇ ਧਿਆਨ ਵਿੱਚ ਰੁਕਾਵਟ ਨਾ ਪਾਉਣ।
9. ਬੱਸ ਦਾ ਜਾਣ ਬੁੱਝ ਕੇ ਨੁਕਸਾਨ ਕਰਨ ਵਾਲਾ ਵਿਦਿਆਰਥੀ ਜਵਾਬ-ਦੇਹ ਹੋਵੇਗਾ।
10. ਬੱਸ ਤੋਂ ਉਤਰਣ ਵੇਲੇ, ਵਿਦਿਆਰਥੀ, ਡਰਾਈਵਰ ਦੀ ਸੂਚਨਾ ਦਾ ਪਾਲਣ ਕਰਨ। ਵਿਦਿਆਰਥੀ ਸੜਕ ਉਦੋਂ ਹੀ ਪਾਰ ਕਰਨ ਜਦੋਂ ਬੱਸ ਤੁਰ ਪਵੇ ਤੇ ਸੜਕ ਦੇ ਦੋਨੇ ਪਾਸੇ ਸਾਫ ਦਿਸਣ ਲੱਗ ਪੈਣ।
11. ਸਕੂਲ ਬੱਸ ਵਿੱਚ ਖਾਸ ਖਾਸ ਚੀਜ਼ਾਂ ਹੀ ਲਿਜਾਈਆਂ ਜਾ ਸਕਦੀਆਂ ਹਨ। ਇਸ ਬਾਰੇ ਜੇ ਝਗੜਾ ਹੋਵੇ ਤਾਂ ਡਰਾਈਵਰ ਦਾ ਫੈਸਲਾ ਫਾਈਨਲ ਹੋਵੇਗਾ। ਬੱਸ ਦੇ ਅੰਦਰ, ਸੀਟਾਂ ਵਿਚਕਾਰਲੀ ਤੁਰਨ ਫਿਰਨ ਵਾਲੀ ਥਾਂ ਹਰ ਵਕਤ ਖਾਲੀ ਹੋਣੀ ਚਾਹੀਦੀ ਹੈ।

- ਮਿਊਜ਼ਿਕ ਵਾਲੇ ਸੰਦ ਡੱਬਿਆਂ 'ਚ ਹੋਣ ਅਤੇ ਵਿਦਿਆਰਥੀ ਦੇ ਪੱਟਾਂ 'ਤੇ ਰੱਖੇ ਹੋਣ ਜਾਂ ਡਰਾਈਵਰ ਦੀ ਦੱਸੀ ਥਾਂ 'ਤੇ ਹੋਣ।
- ਸਕੇਟ ਤੇ ਸਕੇਟ ਬੋਰਡ ਜਾਂ ਤਾਂ ਬੰਦ ਡਫਲ ਬੈਗ 'ਚ ਹੋਣ ਜਾਂ ਡਰਾਈਵਰ ਦੇ ਦੱਸੇ ਥਾਂ 'ਤੇ ਰੱਖੇ ਜਾਣ।
- ਸਕੀ/ਪੋਲ ਤੇ ਹਾਕੀ ਦਾ ਸਾਮਾਨ, ਹਾਈਵੇ ਐਕਟ ਦੇ ਨਿਯਮਾਂ ਅਨੁਸਾਰ ਹੀ ਬੱਸ 'ਤੇ ਲੈਜਾਇਆ ਜਾ ਸਕਦਾ ਹੈ।
- ਪਰੋਗਰਾਮ ਸਬੰਧੀ ਵਸਤੂਆਂ ਬੱਸ 'ਤੇ ਤਾਂ ਹੀ ਲੈਜਾਈਆਂ ਜਾ ਸਕਦੀਆਂ ਹਨ ਜੇ ਥਾਂ ਹੋਵੇ ਅਤੇ ਉਹ ਹਿਫਾਜ਼ਤ ਨਾਲ ਰੱਖੀਆਂ ਜਾ ਸਕਣ। ਚੰਗਾ ਹੋਵੇ ਜੇ ਪ੍ਰਿੰਸੀਪਲ ਤੇ ਡਰਾਈਵਰ ਨਾਲ ਪਹਿਲਾਂ ਹੀ ਗੱਲ ਬਾਤ ਕਰਕੇ ਇੰਤਜ਼ਾਮ ਕੀਤਾ ਜਾਵੇ।
- ਪਸ਼ੂ, ਪੰਛੀ,ਬੰਦੂਕ,ਪਿਸਤੌਲ ਤੇ ਬਾਰੂਦ ਵਾਲੀਆਂ ਚੀਜ਼ਾਂ,ਪਾਣੀ ਵਾਲਾ ਪਿਸਤੌਲ ਤੇ ਖਤਰਨਾਕ ਵਸਤੂਆਂ ਨੂੰ ਬੱਸ ਤੇ ਲੈ ਜਾਣ ਦੀ ਬਿਲਕੁਲ ਮਨਾਹੀ ਹੈ।